2022/5/313
19/12/2022

ਰਾਜ ਵਿੱਦਿਅਕ ਖੋਜ ਅਤੇ ਸਿਖਲਾਈ ਪ੍ਰੀਸ਼ਦ, ਪੰਜਾਬ

ਡੋਵੀ ਮੰਜਿਲ, ਬਲਾਕ-ਈ, ਪੰਜਾਬ ਸਕੂਲ ਸਿੱਖਿਆ ਬੋਰਡ ਕੰਪ, ਫੇਜ਼-8,
ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਮੁਹਾਲੀ), ਫੋਨ ਨੰਬਰ 0172-2212221

ਵੱਲ

(ਨੋਟਿਸ ਬੋਰਡ ਤੇ ਕੋਲ ਰਾਹੀਂ)

ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈਸਿੱ),
ਪੰਜਾਬ।

ਮੀਮੋ ਨੰ: : SCERT-TR203/1/2020-EXAMINATION-SCERT/63806/01
ਮਿਤੀ: ਸਾਹਿਬਜ਼ਾਦਾ ਅਜੀਤ ਸਿੰਘ ਨਗਰ, 16-12-2022

ਵਿਸ਼ਾ :- National School Band Competition ਦੇ ਆਯੋਜਨ ਸਬੰਧੀ।

ਹਵਾਲਾ :- Additional Secretary, Department of School Education & Literacy, Ministry of Education, Government of India ਤੋਂ ਪ੍ਰਾਪਤ ਪੱਤਰ ਨੰ F.No.1-2/2022-Sch.3 Date: 7th December, 2022 & 24th November, 2022 ਦੇ ਸੰਬੰਧ ਵਿੱਚ।

1.0 ਉਪਰੋਕਤ ਵਿਸ਼ੇ ਅਤੇ ਹਵਾਲਾ ਅਧੀਨ ਪੱਤਰ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ।

2.0 ਉਕਤ ਵਿਸ਼ੇ ਅਤੇ ਹਵਾਲਾ ਅਧੀਨ ਪੱਤਰ ਅਨੁਸਾਰ Department of School Education & Literacy, Ministry of Education, New Delhi ਵੱਲੋਂ ਅਜਾਦੀ ਕਾ ਅੰਮ੍ਰਿਤ ਮਹੋਤਸਵ ਦੇ ਸਬੰਧ ਵਿੱਚ ਗਣਤੰਤਰ ਦਿਵਸ ਪ੍ਰੋਗਰਾਮ ਦੇ ਹਿੱਸੇ ਵਜੋਂ ਵੱਖ-ਵੱਖ ਸਿੱਖਿਆ ਬੋਰਡਾਂ ਦੇ ਅਧੀਨ ਸਾਰੇ ਰਾਜਾਂ/ਕੇਂਦਰ ਸਾਸਿਤ ਪ੍ਰਦੇਸ਼ਾਂ ਦੇ ਸਕੂਲਾਂ ਵਿੱਚ ਰਾਸ਼ਟਰੀ ਸਕੂਲ ਬੈਂਡ ਪ੍ਰਤੀਯੋਗਤਾ ਦੇ ਆਯੋਜਨ ਜਨਵਰੀ, 2023 ਕਰਵਾਇਆ ਜਾ ਰਿਹਾ ਹੈ।

3.0 ਉਕਤ ਮੁਕਾਬਲੇ ਦੀਆਂ ਜੇਤੂ ਟੀਮਾਂ ਨੂੰ ਮਿਤੀ 23-30 ਜਨਵਰੀ 2023 (ਗਣਤੰਤਰ ਦਿਵਸ ਹਫ਼ਤੇ ਦੌਰਾਨ) National War Memorial (NWM) ਵਿਖੇ ਪ੍ਰਦਰਸ਼ਨ ਕਰਨ ਲਈ ਨਵੀਂ ਦਿੱਲੀ ਬੁਲਾਇਆ ਜਾਵੇਗਾ।

4.0 ਇਸ ਰਾਸ਼ਟਰੀ ਪੱਧਰ ਦੇ ਮੁਕਾਬਲੇ ਦਾ ਮੁੱਖ ਉਦੇਸ਼ ਦੇਸ਼ ਭਰ ਦੇ ਸਕੂਲੀ ਬੱਚਿਆਂ ਵਿੱਚ ਦੇਸ਼ ਭਗਤੀ ਅਤੇ ਏਕਤਾ ਦੀ ਭਾਵਨਾ ਨੂੰ ਮੁੜ ਸੁਰਜੀਤ ਕਰਨਾ ਹੈ।

5.0 ਅੰਤਰ ਸਕੂਲ ਬੈਂਡ ਮੁਕਾਬਲਾ ਚਾਰ ਪੱਧਰਾਂ ਰਾਜ(ਸੈਮੀ-ਫਾਈਨਲ), ਰਾਜ(ਫਾਈਨਲ), ਰਾਸ਼ਟਰੀ(ਸੈਮੀ-ਫਾਈਨਲ) ਅਤੇ ਰਾਸ਼ਟਰੀ (ਫਾਇਨਲ) 'ਤੇ ਆਯੋਜਿਤ ਕੀਤਾ ਜਾਣਾ ਹੈ।

Scanned with OKEN Scanner

6.0 ਇਹ ਮੁਕਾਬਲਾ ਸਕੂਲਾਂ ਦੀਆਂ ਸਾਰੀਆਂ ਸ੍ਰੇਣੀਆਂ ਲਈ ਹੋਵੇਗਾ।

7.0 ਮੁਕਾਬਲੇ ਵਿੱਚ ਲੜਕੇ ਅਤੇ ਲੜਕੀਆਂ ਦੋ ਦੋਵੇਂ ਬੈਡ ਭਾਗ ਲੈ ਸਕਦੇ ਹਨ।

8.0 ਸਭ ਤੋ ਵਧੀਆ ਐਂਟਰੀ, ਬਤੌਰ ਫਾਈਨਲਿਸਟ, ਦੀ ਵੀਡੀਓ ਰਿਕਾਰਡਿੰਗ ਭਾਰਤ ਸਰਕਾਰ ਨੂੰ ਭੇਜੀ ਜਾਵੇਗੀ।

9.0 ਇੱਥੇ ਇਹ ਵੀ ਦੱਸਿਆ ਜਾਂਦਾ ਹੈ ਕਿ ਇਸ ਮੁਕਾਬਲੇ ਵਿੱਚ ਰਾਜ ਪੱਧਰ ਤੇ ਪਹਿਲੇ ਸਥਾਨ ਤੇ ਆਉਣ ਵਾਲੀਆਂ ਟੀਮਾਂ (ਲੜਕੇ ਅਤੇ ਲੜਕੀਆਂ ਦੀਆਂ ਵੱਖਰੀਆਂ) ਦੇ ਵੇਰਵੇ ਮਿਤੀ 22-12-2022 ਤੱਕ ਭਾਰਤ ਸਰਕਾਰ ਨੂੰ ਭੇਜੇ ਜਾਣੇ ਹਨ।

10.0 ਇਹ ਰਾਜ ਪੱਧਰੀ ਸੈਮੀਫਾਈਨਲ ਮੁਕਾਬਲਾ 5 ਨੋਡਲ ਜਿਲ੍ਹਿਆਂ (ਅੰਮ੍ਰਿਤਸਰ, ਐਸ.ਬੀ.ਐਸ. ਨਗਰ, ਮੋਗਾ, ਪਟਿਆਲਾ, ਬਠਿੰਡਾ) ਵਿਖੇ ਮਿਤੀ 19-20 ਦਸੰਬਰ,2022 ਨੂੰ ਉਹਨਾਂ ਦੇ ਸਾਹਮਣੇ ਦਰਸਾਏ ਜਿਲ੍ਹਿਆਂ ਦੀਆਂ ਟੀਮਾਂ ਦੇ ਬੈਡ ਮੁਕਾਬਲੇ ਹੇਠ ਅਨੁਸਾਰ ਕਰਵਾਉਣ ਦਾ ਸੁਝਾਅ ਹੈ :-

ਲੜੀ ਨੰ.	ਮਿਤੀ	ਨੋਡਲ ਜਿਲ੍ਹੇ ਦਾ ਨਾਂ, ਜਿਸ ਵੱਲੋਂ ਰਾਜ ਪੱਧਰੀ ਸੈਮੀਫਾਈਨਲ ਮੁਕਾਬਲਾ ਕਰਵਾਇਆ ਜਾਵੇਗਾ	ਜਿਲ੍ਹਿਆਂ ਦੇ ਨਾਂ, ਜਿਹਨਾਂ ਦੇ ਸਕੂਲ ਭਾਗ ਲੈਣਗੇ	ਵਿਸ਼ੇਸ਼ ਕਥਨ
1	19-20 ਦਸੰਬਰ, 2022	ਅੰਮ੍ਰਿਤਸਰ	ਅੰਮ੍ਰਿਤਸਰ, ਤਰਨਤਾਰਨ, ਗੁਰਦਾਸਪੁਰ,ਪਠਾਨਕੋਟ	
2		ਐਸ.ਬੀ.ਐਸ. ਨਗਰ	ਐਸ.ਬੀ.ਐਸ. ਨਗਰ, ਰੋਪੜ, ਜਲੰਧਰ, ਕਪੂਰਥਲਾ, ਹੁਸ਼ਿਆਰਪੁਰ	
3		ਮੋਗਾ	ਲੁਧਿਆਣਾ,ਫਿਰੋਜ਼ਪੁਰ,ਮੋਗਾ, ਬਰਨਾਲਾ,ਫਰੀਦਕੋਟ	
4		ਪਟਿਆਲਾ	ਪਟਿਆਲਾ ,ਫਤਿਹਗੜ੍ਹ ਸਾਹਿਬ, ਐਸ.ਏ.ਐਸ. ਨਗਰ,ਸੰਗਰੂਰ, ਮਲੇਰਕੋਟਲਾ	
5		ਬਠਿੰਡਾ	ਬਠਿੰਡਾ,ਮਾਨਸਾ, ਸ੍ਰੀ ਮੁਕਤਸਰ ਸਾਹਿਬ, ਫਾਜ਼ਿਲਕਾ	

11.0 ਉਕਤ ਦਰਸਾਏ ਅਨੁਸਾਰ ਨੋਡਲ ਜਿਲ੍ਹੇ ਦੇ ਜਿਲ੍ਹਾ ਸਿੱਖਿਆ ਅਫਸਰ(ਸੈਕੰ) ਵੱਲੋਂ ਤਿੰਨ ਮੈਂਬਰਾਂ ਦੀ ਇੱਕ ਟੀਮ ਬਤੌਰ ਜੱਜ ਨਿਯੁਕਤ ਕੀਤੇ ਜਾਣਗੇ।

12.0 ਜੱਜਾਂ ਦਾ ਫੈਸਲਾ ਫਾਈਨਲ ਹੋਵੇਗਾ। ਜੱਜਮੈਂਟ ਅਤੇ ਹੋਰ ਗਾਈਡਲਾਈਨਜ਼ ਨਾਲ ਨੱਥੀ ਹਨ।

13.0 ਸਭ ਤੋਂ ਉੱਤਮ (ਇੱਕ ਲੜਕਿਆਂ ਅਤੇ ਇੱਕ ਲੜਕੀਆਂ ਦੀ) ਟੀਮ ਵੱਲੋਂ ਮਿਤੀ 21-12-2022 ਨੂੰ ਬਾਬਾ ਬੰਦਾ ਸਿੰਘ ਬਹਾਦਰ ਇੰਜੀਨਿਅਰ ਕਾਲਜ ਜਿਲ੍ਹਾ ਫਤਿਹਗੜ੍ਹ ਸਾਹਿਬ ਵਿਖੇ ਰਾਜ ਪੱਧਰੀ ਫਾਈਨਲ ਮੁਕਾਬਲੇ ਵਿੱਚ ਭਾਗ ਲਿਆ ਜਾਵੇਗਾ।

14.0 ਆਪ ਵੱਲੋਂ ਆਪਣੇ ਜਿਲ੍ਹੇ ਦੀਆਂ ਟੀਮਾਂ ਨੂੰ ਇਸ ਮੁਕਾਬਲੇ ਵੱਚ ਭਾਗ ਲੇਣ ਲਈ ਪ੍ਰੇਰਿਤ ਕੀਤਾ ਜਾਵੇ ਅਤੇ ਸਮੂਹ ਜਿਲ੍ਹਾ ਸਿੱਖਿਆ ਅਫਸਰ(ਸੈਸਿੰ) ਵੱਲੋਂ ਨੋਡਲ ਜਿਲ੍ਹੇ ਦੇ ਜਿਲ੍ਹਾ ਸਿੱਖਿਆ ਅਫਸਰ(ਸੈਸਿੰ) ਦਾ ਸਹਿਯੋਗ ਦਿੱਤਾ ਜਾਵੇ।

ਨਾਲ ਨੱਥੀ:- ਗਾਈਡਲਾਈਨਜ।

ਵਰਿੰਦਰ ਕੁਮਾਰ ਸਰਮਾ , ਆਈ.ਏ.ਐੱਸ.
ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ।

ਪਿੱਠ ਅੰਕਣ ਨੰ:-ਉਕਤ/02-04 ਮਿਤੀ:ਸਾਹਿਬਜਾਦਾ ਅਜੀਤ ਸਿੰਘ ਨਗਰ, 16-12-2022

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ:-

1. ਪੀ.ਏ. ਟੂ ਪ੍ਰਮੁੱਖ ਸਕੱਤਰ ਸਕੂਲ ਸਿੱਖਿਆ, ਪੰਜਾਬ।
2. ਪੀ.ਏ. ਟੂ ਡੀ.ਜੀ.ਐਸ.ਈ., ਪੰਜਾਬ।
3. ਪੀ.ਏ. ਟੂ ਡੀ.ਪੀ.ਆਈ. (ਸੈਸਿ), ਪੰਜਾਬ।

ਡਾਇਰੈਕਟਰ
ਐਸ.ਸੀ.ਈ.ਆਰ.ਟੀ.ਪੰਜਾਬ

[illegible] (সার্ভিস) 19-12-2022

[illegible] 331561

[illegible]

[illegible]

[illegible]

[illegible]